# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।

## ਪ੍ਰੈਸ ਨੋਟ

## ਗਊ ਸੇਵਾ ਕਮਿਸ਼ਨ ਦੇ ਚੇਅਰਮੈਂਨ ਕੀਮਤੀ ਭਗਤ ਨੇ ਨਗਰ ਨਿਗਮ ਵੱਲੋਂ ਬਣਾਈ ਜਾ ਰਹੀ ਗਊਸ਼ਾਲਾ (ਕੈਟਨ ਪਾਊਂਡ) ਦੀ ਪ੍ਰਗਤੀ ਦਾ ਲਿਆ ਜਾਇਜਾ।

## ਗਊਸ਼ਾਲਾ (ਕੈਂਟਲ ਪਾਂਉਡ) ਦੇ ਨਿਰਮਾਣ ਦਾ ਕੰਮ ਜਲਦੀ ਮੁਕੰਮਲ ਕਰਨ ਦੀ ਅਧਿਕਾਰੀਆਂ ਨੂੰ ਕੀਤੀ ਹਦਾਇਤ

ਹੁਸ਼ਿਆਰਪੁਰ 28 ਜੁਲਾਈ ਨਗਰ ਨਿਗਮ ਵੱਲੋ ਗਊਧਨ ਦੀ ਸਾਂਭ ਸੰਭਾਲ ਲਈ ਮਹਾਂਵੀਰ ਸੇਤੂ ਦੇ ਨਜਦੀਕ ਬਣਾਈ ਜਾ ਰਹੀ ਨਿਗਮ ਗਾਊਸ਼ਾਲਾ (ਕੈਟਲ ਪਾਊਂਡ) ਦੇ ਨਿਰਮਾਣ ਦੇ ਕੰਮ ਦੀ ਪ੍ਰਗਤੀ ਦਾ ਜਾਇਜਾ ਲੈਣ ਲਈ ਪੰਜਾਬ ਗਊ ਸੇਵਾ ਕਮਿਸ਼ਨ ਪੰਜਾਬ ਸਰਕਾਰ ਦੇ ਚੇਅਰਮੈਨ ਕੀਮਤੀ ਭਗਤ ਨੇ ਅੱਜ ਨਗਰ ਨਿਗਮ ਦੇ ਦਫਤਰ ਵਿਖੇ ਮੇਅਰ ਸ਼ਿਵ ਸੂਦ ਨਾਲ ਮੀਟਿੰਗ ਕੀਤੀ। ਗਊ ਸੇਵਾ ਕਮਿਸ਼ਨ ਦੇ ਮੈਂਬਰ ਬਿੰਦੂ ਸਾਰ ਸ਼ੁਕਲਾ, ਕੌਂਸਲਰ ਨਿਪੁਨ ਸ਼ਰਮਾ ਅਤੇ ਪ੍ਰੇਮ ਬਜਾਜ ਵੀ ਇਸ ਮੌਕੇ ਤੇ ਹਾਜਰ ਸਨ।

ਚੇਅਰਮੈਂਨ ਗਊ ਸੇਵਾ ਕਮਿਸ਼ਨ ਕੀਮਤੀ ਭਗਤ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਗਊ ਸੇਵਾ ਕਮਿਸ਼ਨ ਦੇ ਉਪਰਾਲਿਆਂ ਨਾਲ ਸੂਬੇ ਵਿਚ 1.10 ਲੱਖ ਬੇਸਹਾਰਾ ਗਊਧੰਨ ਦੀ ਸਾਂਭ ਸੰਭਾਲ ਲਈ 25-25 ਏਕੜ ਜਮੀਨ ਵਿਚ ਗਊਸ਼ਾਲਾ ਬਣਾਉਣ ਲਈ ਹਰ ਜਿਲੇ ਨੂੰ 1.75 ਕਰੋੜ ਰੁਪਏ ਦਿੱਤੇ ਗਏ ਹਨ ਅਤੇ ਹਰ ਜਿਲੇ ਵਿਚ ਕੈਟਲ ਪਾਊਂਡ ਸਰਕਾਰੀ ਪੱਧਰ ਤੇ ਬਣਾਇਆ ਜਾ ਰਿਹਾ ਹੈ ਅਤੇ ਇਹਨਾਂ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ 3-4 ਮਹੀਨੇ ਵਿਚ ਮੁੰਕਮਲ ਕਰਕੇ ਸੂਬੇ ਦੇ ਸਾਰੇ ਬੇਸਹਾਰਾ ਗਊਧੰਨ ਨੂੰ ਆਸ਼ਿਆਨਾ ਮੁਹੱਈਆ ਕਰਵਾਇਆ ਜਾਵੇਗਾ। ਉਹਨਾਂ ਦੱਸਿਆ ਕਿ ਪਿਛਲੇ 2 ਸਾਲਾਂ ਵਿਚ ਸੜਕਾਂ ਤੇ ਘੁੰਮ ਰਹੇ ਗਊਧੰਨ ਨਾਲ 290 ਦੇ ਕਰੀਬ ਦੁਰਘਟਨਾਵਾਂ ਹੋਣ ਨਾਲ ਕੀਮਤੀ ਜਾਨਾਂ ਦਾ ਨੁਕਸਾਨ ਹੋ ਚੁੱਕਾ ਹੈ ਉਹਨਾਂ ਦੱਸਿਆ ਕਿ ਜਿਲਾ ਹੁਸ਼ਿਆਰਪੁਰ ਵਿਚ ਵੀ ਨਗਰ ਨਿਗਮ ਵਲੋਂ ਨਿਗਮ ਗਊਸ਼ਾਲਾ ਜ਼ੋ ਨਿਗਮ ਦੇ ਖਰਚੇ ਤੇ ਉਸਾਰੀ ਜਾ ਰਹੀ ਹੈ ਦੇ ਕੰਮ ਵਿਚ ਤੇਜੀ ਲਿਆਉਣ ਅਤੇ ਉਸਨੂੰ ਸਮੇਂ ਸਿਰ ਮੁੰਕਮਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਉਹਨਾਂ ਮੇਅਰ ਨਗਰ ਨਿਗਮ ਨੂੰ ਕਿਹਾ ਕਿ ਨਗਰ ਨਿਗਮ ਦੀ ਹਦੂਦ ਵਿਚ ਡੇਅਰੀਆਂ ਦੀ ਰਜਿਸਟਰੇਸ਼ਨ ਕੀਤੀ ਜਾਵੇ ਅਤੇ ਡੇਅਰੀ ਮਾਲਕਾਂ ਨੂੰ ਕਿਹਾ ਜਾਵੇ ਕਿ ਉਹ ਗਊਧੰਨ ਨੂੰ ਸੜਕਾਂ ਤੇ ਨਾ ਛੱਡਣ ਅਤੇ ਸੜਕਾਂ ਅਤੇ ਛੱਡਣ ਵਾਲੇ ਗਊਧੰਨ ਦੇ ਮਾਲਕਾਂ ਨੂੰ ਜੁਰਮਾਨੇ ਕੀਤੇ ਜਾਣ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਕੀਮਤੀ ਭਗਤ ਤੋਂ ਮੰਗ ਕੀਤੀ ਕਿ ਨਗਰ ਨਿਗਮ ਵਲੋਂ ਬਣਾਏ ਜਾ ਰਹੇ ਨਿਗਮ ਗਊਸ਼ਾਲਾ (ਕੈਟਲ ਪਾਊਂਡ) ਲਈ ਫੰਡਾਂ ਦੀ ਬਹੁਤ ਕਮੀ ਹੈ ਇਸ ਲਈ ਪੰਜਾਬ ਸਰਕਾਰ ਤੋਂ ਫੰਡ ਮੁਹੱਈਆ ਕਰਵਾਏ ਜਾਣ ਤਾਂ ਜ਼ੋ ਇਸ ਦੀ ਉਸਾਰੀ ਸਮੇਂ ਸਿਰ ਕੀਤੀ ਜਾ ਸਕੇ। ਉਹਨਾਂ ਭਰੋਸਾ ਦੁਆਇਆ ਕਿ ਜਲਦੀ ਹੀ ਮਿਊਂਸਪਲ ਗਊਸ਼ਾਲਾ ਨੂੰ ਮੁੰਕਮਲ ਕਰਕੇ ਇਸ ਨੂੰ ਜਲਦੀ ਹੀ ਅਮਲੀ ਜਾਮਾ ਪਹਿਨਾਇਆ ਜਾਵੇਗਾ।